## ਯਾਤਰਾ ਅਤੇ ਸਭਿਆਚਾਰਕ ਮਾਮਲੇ ਵਿਭਾਗ

### (ਯਾਤਰਾ ਸ਼ਾਖਾ)

ਮਿਤੀ 12 ਅਪਰੈਲ, 2001

ਨੰਬਰ: 12/127/2000-4ਯਸ/741.—ਪੰਜਾਬ ਸਰਕਾਰ ਦੀ ਅਧਿਸੂਚਨਾ ਨੰ: 12/127/2000-4ਯਸ/11-20 ਮਿਤੀ ਚੰਡੀਗੜ੍ਹ 4 ਅਪਰੈਲ, 2001 ਰਾਹੀਂ ਪੰਜਾਬ ਪ੍ਰਾਚੀਨ ਅਤੇ ਇਤਿਹਾਸਕ ਸਮਾਰਕ ਅਤੇ ਪੁਰਾਤੱਤਵੀ ਸਥਾਨ ਅਤੇ ਅਵਸ਼ੇਸ਼ ਐਕਟ 1964 ਦੀ ਧਾਰਾ 4 ਦੀ ਉਪ ਧਾਰਾ (1) ਅਨੁਸਾਰ ਅਨੁਸੂਚੀ ਵਿੱਚ ਦਿੱਤੇ ਪੁਰਾਤੱਤਵ ਅਤੇ ਇਤਿਹਾਸਕ ਅਸਥਾਨਾਂ ਨੂੰ ਸੁਰੱਖਿਅਤ ਕਰਨ ਹਿੱਤ ਐਲਾਨ ਕੀਤਾ ਸੀ ਅਤੇ ਅਧਿਸੂਚਨਾ ਜਾਰੀ ਹੋਣ ਦੀ ਮਿਤੀ ਤੋਂ 2 ਮਹੀਨਿਆਂ ਦੇ ਸਮੇਂ ਅੰਦਰ ਇਤਰਾਜ਼ ਮੰਗੇ ਗਏ ਸਨ।

2. ਇਸ ਸਬੰਧ ਵਿੱਚ ਉਪਰੋਕਤ ਦੱਸੇ ਸਮੇਂ ਵਿੱਚ ਕੋਈ ਵੀ ਇਤਰਾਜ਼ ਪ੍ਰਾਪਤ ਨਹੀਂ ਹੋਇਆ।

3. ਹੁਣ ਉਪਰੋਕਤ ਦੱਸੇ ਐਕਟ ਦੀ ਧਾਰਾ 4 ਉਪ ਧਾਰਾ (3) ਅਨੁਸਾਰ ਪੰਜਾਬ ਦੇ ਰਾਜਪਾਲ ਵੱਲੋਂ ਪ੍ਰਸੰਨਤਾ ਪੂਰਵਕ ਅਨੁਸੂਚੀ ਵਿੱਚ ਦਿੱਤੇ ਵੇਰਵੇ ਅਨੁਸਾਰ ਸਥਾਨ ਨੂੰ ਸੁਰੱਖਿਅਤ ਕਰਾਰ ਦਿੱਤਾ ਜਾਂਦਾ ਹੈ:—

| ਲੜੀ ਨੰ: | ਜ਼ਿਲ੍ਹਾ | ਤਹਿਸੀਲ | ਸਮਾਰਕ ਦਾ ਨਾਂ | ਸਥਾਨ |
|---|---|---|---|---|
| 1 | 2 | 3 | 4 | 5. |
| 1 | ਜਲੰਧਰ | ਜਲੰਧਰ | ਕਮਿਸ਼ਨਰ ਰੈਜ਼ੀਡੈਂਸ ਜਲੰਧਰ | ਜਲੰਧਰ |

| ਜਗ੍ਹਾ ਦਾ ਵੇਰਵਾ | ਰਕਬਾ | ਹੱਦ | ਮਲਕੀਅਤ |
|---|---|---|---|
| 6 | 7 | 8 | 9 |
| ਖਸਰਾ ਨੰ: 30052<br>4152 ਮਿਨ ਕਨਾਲ, ਮਰਲਾ<br>338- -0 | 10 ਏਕੜ 2 ਕਨਾਲ<br>(ਸੁਰੱਖਿਅਤ ਹੋਣ ਵਾਲਾ)। | ਉੱਤਰ: ਪੁਰਾਣੀ ਬਾਰਾਦਰੀ<br>ਦੱਖਣ: ਆਈ.ਏ.ਐਸ. ਅਤੇ ਪੀ.ਸੀ.ਐਸ. ਦੇ ਸਰਕਾਰੀ ਮਕਾਨ।<br>ਪੂਰਬ: ਜਿਮਖਾਨਾ ਕਲੱਬ।<br>ਪੱਛਮ: ਕਮੇਟੀ ਦੀ ਪਾਰਕ ਤੇ ਸੜਕ। | (ਪ੍ਰੋਵਿਨਸ਼ੀਅਲ ਗੌਰਮਿੰਟ) ਪੰਜਾਬ ਸਰਕਾਰ। |

ਮਿਤੀ ਚੰਡੀਗੜ੍ਹ :
28 ਮਾਰਚ, 2001

ਡਾ: ਬਰਜਿੰਦਰ ਸਿੰਘ,

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸੱਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬਘਰ ਵਿਭਾਗ।

COURTBOOK
EMPOWERING LEGAL CLARITY